# 2023 ਦੀਆਂ ਆਮ ਚੋਣਾਂ ਵਿੱਚ ਵੋਟਾਂ ਪਾਉਣ ਵਾਸਤੇ ਤੁਹਾਡੀ ਗਾਈਡ।



ELECTORAL COMMISSION
TE KAITIAKI TAKE KŌWHIRI

E231 06/23 Punjabi

## ਸਮਝੋ ਕਿ 2023 ਵਿੱਚ ਕਿਸ ਚੀਜ਼ ਦੀ ਉਮੀਦ ਕਰਨੀ ਹੈ ਅਤੇ ਵੋਟ ਕਿਵੇਂ ਪਾਉਣੀ ਹੈ

### ਯਕੀਨੀ ਬਣਾਓ ਕਿ ਤੁਸੀਂ ਆਪਣਾ ਨਾਮ ਦਰਜ ਕਰਵਾਇਆ ਹੈ ਅਤੇ ਤੁਹਾਡੇ ਵੇਰਵੇ ਨਵੀਨਤਮ ਹਨ।

ਵੋਟ ਪਾਉਣ ਲਈ, ਤੁਹਾਨੂੰ ਨਾਮ ਦਰਜ ਕਰਵਾਉਣ ਦੀ ਲੋੜ ਹੈ। ਜੇ ਤੁਸੀਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ, ਨਿਊਜ਼ੀਲੈਂਡ ਦੇ ਨਾਗਰਿਕ ਜਾਂ ਸਥਾਈ ਨਿਵਾਸੀ ਹੋ ਅਤੇ ਤੁਸੀਂ ਆਪਣੀ ਜ਼ਿੰਦਗੀ ਵਿੱਚ ਕਿਸੇ ਵੀ ਸਮੇਂ 12 ਮਹੀਨਿਆਂ ਜਾਂ ਇਸ ਤੋਂ ਵੱਧ ਸਮੇਂ ਲਈ ਨਿਊਜ਼ੀਲੈਂਡ ਵਿਚ ਰਹੇ ਹੋ ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਨਾਮ ਦਰਜ ਕਰਾਉਣਾ ਚਾਹੀਦਾ ਹੈ।

### ਔਨਲਾਈਨ ਆਪਣਾ ਨਾਮ ਦਰਜ ਕਰਵਾਓ, ਆਪਣੇ ਵੇਰਵਿਆਂ ਦੀ ਜਾਂਚ ਕਰੋ ਜਾਂ ਇਹਨਾਂ ਨੂੰ ਅੱਪਡੇਟ ਕਰੋ

ਆਪਣੇ ਨਿਊਜ਼ੀਲੈਂਡ ਦੇ ਡ੍ਰਾਈਵਿੰਗ ਲਾਇਸੰਸ, ਨਿਊਜ਼ੀਲੈਂਡ ਪਾਸਪੋਰਟ ਜਾਂ RealMe ਤਸਦੀਕਸ਼ੁਦਾ ਪਛਾਣ ਦੀ ਵਰਤੋਂ ਕਰਕੇ ਔਨਲਾਈਨ ਨਾਮ ਦਰਜ ਕਰਾਉਣਾ, ਇਸਦੀ ਜਾਂਚ ਕਰਨਾ ਜਾਂ ਅੱਪਡੇਟ ਕਰਨਾ ਆਸਾਨ ਹੈ।

- **vote.nz 'ਤੇ ਜਾਓ**
- **0800 36 76 56 'ਤੇ ਕਾਲ ਕਰੋ**
- **ਆਪਣਾ ਨਾਮ ਅਤੇ ਪਤਾ ਲਿਖਕੇ 3676 'ਤੇ ਇੱਕ ਮੁਫ਼ਤ ਸੁਨੇਹਾ ਭੇਜੋ**

### ਤੁਹਾਡਾ EasyVote ਪੈਕ

ਜੇ ਤੁਸੀਂ ਐਤਵਾਰ 10 ਸਤੰਬਰ ਤੱਕ ਨਾਮ ਦਰਜ ਕਰਵਾ ਦਿੰਦੇ ਹੋ, ਤਾਂ ਤੁਹਾਨੂੰ ਆਪਣਾ EasyVote ਪੈਕ ਡਾਕ ਰਾਹੀਂ ਮਿਲ ਜਾਵੇਗਾ।

ਤੁਹਾਡਾ EasyVote ਪੈਕ ਤੁਹਾਨੂੰ ਦੱਸੇਗਾ ਕਿ ਤੁਸੀਂ ਕਦੋਂ ਵੋਟ ਪਾ ਸਕਦੇ ਹੋ ਅਤੇ ਤੁਸੀਂ ਕਿਸ ਨੂੰ ਵੋਟ ਪਾ ਸਕਦੇ ਹੋ। ਤੁਹਾਡੇ ਪੈਕ ਵਿੱਚ ਤੁਹਾਡਾ ਵਿਅਕਤੀਗਤ ਬਣਾਇਆ EasyVote ਕਾਰਡ ਵੀ ਹੋਵੇਗਾ, ਜੋ ਵੋਟ ਪਾਉਣਾ ਵਧੇਰੇ ਆਸਾਨ ਬਣਾਉਂਦਾ ਹੈ। ਤੁਸੀਂ ਹਾਲੇ ਵੀ ਆਪਣੇ EasyVote ਕਾਰਡ ਤੋਂ ਬਗੈਰ ਵੋਟ ਪਾ ਸਕਦੇ ਹੋ, ਪਰ ਇਸ ਵਿੱਚ ਵਧੇਰੇ ਸਮਾਂ ਲੱਗ ਸਕਦਾ ਹੈ।

ਜੇ ਤੁਸੀਂ ਐਤਵਾਰ 10 ਸਤੰਬਰ ਤੋਂ ਬਾਅਦ ਨਾਮ ਦਰਜ ਕਰਾਉਂਦੇ ਹੋ, ਜਿਸ ਵਿੱਚ ਚੋਣਾਂ ਵਾਲਾ ਦਿਨ ਵੀ ਸ਼ਾਮਲ ਹੈ, ਤਾਂ ਤੁਹਾਨੂੰ ਆਪਣਾ EasyVote ਕਾਰਡ ਨਹੀਂ ਮਿਲੇਗਾ। ਤੁਹਾਨੂੰ ਇੱਕ ਸਪੈਸ਼ਲ ਵੋਟ ਪਾਉਣ ਦੀ ਲੋੜ ਹੋਵੇਗੀ, ਜਿਸ ਵਿੱਚ ਵਧੇਰੇ ਸਮਾਂ ਲਗਦਾ ਹੈ।

**ਵੋਟਾਂ ਪਾਉਣ ਦੀ ਸ਼ੁਰੂਆਤ:** ਸੋਮਵਾਰ 2 ਅਕਤੂਬਰ ਸਵੇਰੇ 9 ਵਜੇ

**ਵੋਟਾਂ ਪਾਉਣ ਦੀ ਸਮਾਪਤੀ:** ਚੋਣਾਂ ਵਾਲੇ ਦਿਨ, ਸ਼ਨੀਵਾਰ 14 ਅਕਤੂਬਰ ਨੂੰ ਸ਼ਾਮ 7 ਵਜੇ

### ਵੋਟ ਪਾਉਣ ਦੇ ਸਥਾਨ ਕਦੋਂ ਖੁੱਲ੍ਹਣਗੇ ਅਤੇ ਇਹਨਾਂ ਨੂੰ ਕਿੱਥੇ ਲੱਭਣਾ ਹੈ

ਤੁਸੀਂ ਸੋਮਵਾਰ 2 ਅਕਤੂਬਰ ਤੋਂ ਲੈਕੇ ਚੋਣਾਂ ਵਾਲੇ ਦਿਨ, ਸ਼ਨੀਵਾਰ 14 ਅਕਤੂਬਰ ਤੱਕ ਨਾਮ ਦਰਜ ਕਰਾ ਸਕਦੇ ਹੋ ਅਤੇ ਆਮ ਚੋਣਾਂ ਵਿੱਚ ਵੋਟ ਪਾ ਸਕਦੇ ਹੋ।

ਚੋਣਾਂ ਵਾਲੇ ਦਿਨ, ਸ਼ਨੀਵਾਰ 14 ਅਕਤੂਬਰ ਨੂੰ, ਸਾਰੇ ਵੋਟ ਪਾਉਣ ਦੇ ਸਥਾਨ ਸਵੇਰੇ 9 ਵਜੇ ਤੋਂ ਸ਼ਾਮ 7 ਵਜੇ ਤੱਕ ਖੁੱਲ੍ਹੇ ਰਹਿਣਗੇ।

ਵੋਟ ਪਾਉਣ ਦੇ ਸਥਾਨਾਂ ਦੀਆਂ ਲੋਕੇਸ਼ਨਾਂ ਅਤੇ ਖੁੱਲ੍ਹਣ ਦੇ ਸਮਿਆਂ ਬਾਰੇ ਜਾਣਕਾਰੀ ਮੱਧ-ਸਤੰਬਰ ਤੋਂ **vote.nz** 'ਤੇ ਜਾਂ ਫਿਰ **0800 36 76 56** 'ਤੇ ਕਾਲ ਕਰਕੇ ਹਾਸਲ ਕੀਤੀ ਜਾ ਸਕਦੀ ਹੈ।

### ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਹਾਸਲ ਕਰਨੀ ਹੈ

- ਦੇਖੋ: **vote.nz**
- ਕਾਲ ਕਰੋ: **0800 36 76 56**

ਜੇ ਇਹ ਜਾਣਕਾਰੀ ਤੁਹਾਡੇ ਕਿਸੇ ਜਾਣਕਾਰ ਲਈ ਲਾਭਦਾਇਕ ਹੋ ਸਕਦੀ ਹੈ, ਤਾਂ ਕਿਰਪਾ ਕਰਕੇ ਉਹਨਾਂ ਨੂੰ ਇਸ ਬਾਰੇ ਦੱਸੋ।

ਨਾਮ ਦਰਜ ਕਰਾਉਣ ਅਤੇ ਵੋਟ ਪਾਉਣ ਬਾਰੇ ਜਾਣਕਾਰੀ **vote.nz** 'ਤੇ ਹੋਰ ਭਾਸ਼ਾਵਾਂ ਵਿੱਚ ਅਤੇ ਪਹੁੰਚਯੋਗ ਫਾਰਮੈਟਾਂ ਵਿੱਚ ਵੀ ਉਪਲਬਧ ਹੈ।

# ਵੋਟ ਕਿਵੇਂ ਪਾਉਣੀ ਹੈ

## 1 ਆਪਣਾ EasyVote ਕਾਰਡ ਲਿਆਓ

ਆਪਣਾ EasyVote ਕਾਰਡ ਆਪਣੇ ਨਾਲ ਲੈ ਕੇ ਜਾਓ ਕਿਉਂਕਿ ਇਹ ਵੋਟ ਪਾਉਣਾ ਵਧੇਰੇ ਆਸਾਨ ਬਣਾ ਦੇਵੇਗਾ। ਜੇ ਤੁਸੀਂ ਆਪਣਾ ਕਾਰਡ ਭੁੱਲ ਜਾਂਦੇ ਹੋ ਜਾਂ ਜੇ ਤੁਹਾਡੇ ਕੋਲ ਕੋਈ ਕਾਰਡ ਨਹੀਂ ਹੈ ਤਾਂ ਵੀ ਤੁਸੀਂ ਵੋਟ ਪਾ ਸਕਦੇ ਹੋ।




## 2 ਵੋਟ ਪਾਉਣ ਦੇ ਸਥਾਨ 'ਤੇ ਤੁਹਾਡੀ ਮਦਦ ਕਰਨ ਲਈ ਕੋਈ ਵਿਅਕਤੀ ਮੌਜੂਦ ਹੋਵੇਗਾ

ਤੁਹਾਡੇ ਵੋਟ ਪਾਉਣ ਦੇ ਸਥਾਨ 'ਤੇ ਚੋਣ ਵਰਕਰ ਤੁਹਾਨੂੰ ਦਿਖਾਉਣਗੇ ਕਿ ਕੀ ਕਰਨਾ ਹੈ ਅਤੇ ਕਿੱਥੇ ਜਾਣਾ ਹੈ।




## 3 ਆਮ ਚੋਣਾਂ ਵਿੱਚ ਵੋਟ ਪਾਓ

ਕਿਸੇ ਆਮ ਚੋਣਾਂ ਵਿੱਚ, ਤੁਹਾਨੂੰ ਦੋ ਵੋਟਾਂ ਮਿਲਦੀਆਂ ਹਨ – ਇੱਕ ਪਾਰਟੀ ਵੋਟ ਅਤੇ ਇੱਕ ਚੋਣ-ਹਲਕਾ (electorate) ਵੋਟ।

### ਤੁਹਾਡੀ ਪਾਰਟੀ ਵੋਟ

ਤੁਹਾਡੀ ਪਾਰਟੀ ਵੋਟ ਉਸ ਰਾਜਨੀਤਕ ਪਾਰਟੀ ਵਾਸਤੇ ਹੈ ਜਿਸ ਦਾ ਤੁਸੀਂ ਸਮਰਥਨ ਕਰਦੇ ਹੋ।

ਇਹ ਵੋਟ ਮੋਟੇ ਤੌਰ 'ਤੇ ਉਹਨਾਂ ਸੀਟਾਂ ਦੀ ਕੁੱਲ ਸੰਖਿਆ ਦਾ ਫੈਸਲਾ ਕਰਦੀ ਹੈ ਜੋ ਪਾਰਲੀਮੈਂਟ ਵਿੱਚ ਹਰ ਰਾਜਨੀਤਕ ਪਾਰਟੀ ਨੂੰ ਪ੍ਰਾਪਤ ਹੁੰਦੀਆਂ ਹਨ। ਪਾਰਟੀ ਵੋਟ ਦੇ ਮੁਕਾਬਲਤਨ ਵੱਡੇ ਹਿੱਸੇ ਵਾਲੀਆਂ ਪਾਰਟੀਆਂ ਨੂੰ ਪਾਰਲੀਮੈਂਟ ਵਿੱਚ ਵਧੇਰੇ ਸੀਟਾਂ ਮਿਲਣਗੀਆਂ।





ਚਾਹੇ ਤੁਹਾਡਾ ਨਾਮ ਆਮ ਸੂਚੀ ਵਿੱਚ ਹੈ ਜਾਂ ਮਾਓਰੀ ਸੂਚੀ ਵਿੱਚ, ਤੁਸੀਂ ਰਾਜਨੀਤਕ ਪਾਰਟੀਆਂ ਦੀ ਇੱਕੋ ਸੂਚੀ ਵਿੱਚੋਂ ਚੋਣ ਕਰ ਸਕਦੇ ਹੋ।

ਆਪਣੇ ਵੋਟਿੰਗ ਪੇਪਰ 'ਤੇ, ਆਪਣੀ ਪਸੰਦ ਦੀ ਰਾਜਨੀਤਕ ਪਾਰਟੀ ਦੇ ਨਾਮ ਦੇ ਅੱਗੇ ਸਹੀ ਦਾ ਨਿਸ਼ਾਨ ਲਗਾਓ।

### ਤੁਹਾਡੀ ਚੋਣ-ਹਲਕਾ ਵੋਟ

ਤੁਹਾਡੀ ਚੋਣ-ਹਲਕਾ ਵੋਟ ਉਸ ਉਮੀਦਵਾਰ ਦੀ ਚੋਣ ਕਰਨ ਵਾਸਤੇ ਹੈ ਜਿਸਨੂੰ ਤੁਸੀਂ ਉਸ ਖੇਤਰ ਵਾਸਤੇ ਪਾਰਲੀਮੈਂਟ ਮੈਂਬਰ (MP) ਬਣਾਉਣਾ ਚਾਹੁੰਦੇ ਹੋ ਜਿਸ ਵਿੱਚ ਤੁਸੀਂ ਰਹਿੰਦੇ ਹੋ।


ਤੁਹਾਡੇ ਚੋਣ-ਹਲਕੇ ਵਿੱਚ ਸਭ ਤੋਂ ਵੱਧ ਵੋਟਾਂ ਵਾਲਾ ਉਮੀਦਵਾਰ ਤੁਹਾਡੇ ਚੋਣ-ਹਲਕੇ ਦਾ MP ਬਣ ਜਾਂਦਾ ਹੈ। ਉਹ ਪਾਰਲੀਮੈਂਟ ਵਿੱਚ ਤੁਹਾਡੇ ਸਥਾਨਕ ਖੇਤਰ ਦੀ ਪ੍ਰਤਿਨਿਧਤਾ ਕਰਨਗੇ।




ਜੇ ਤੁਹਾਡਾ ਨਾਮ ਮਾਓਰੀ ਲੋਕਾਂ ਲਈ ਸੂਚੀ ਵਿੱਚ ਹੈ, ਤਾਂ ਤੁਸੀਂ ਕਿਸੇ ਮਾਓਰੀ ਹਲਕੇ ਵਿਚਲੇ ਉਮੀਦਵਾਰ ਨੂੰ ਵੋਟ ਪਾਓਗੇ।

ਜੇ ਤੁਹਾਡਾ ਨਾਮ ਆਮ ਸੂਚੀ ਵਿੱਚ ਹੈ, ਤਾਂ ਤੁਸੀਂ ਆਮ ਚੋਣ-ਹਲਕੇ ਵਿਚਲੇ ਕਿਸੇ ਉਮੀਦਵਾਰ ਨੂੰ ਵੋਟ ਪਾਓਗੇ।


ਤੁਹਾਡੇ ਵੋਟਿੰਗ ਪੇਪਰ 'ਤੇ, ਉਸ ਉਮੀਦਵਾਰ ਦੇ ਨਾਮ ਦੇ ਅੱਗੇ ਸਹੀ ਦਾ ਨਿਸ਼ਾਨ ਲਗਾਓ ਜਿਸ ਨੂੰ ਤੁਸੀਂ ਆਪਣੇ ਸਥਾਨਕ ਖੇਤਰ ਦੀ ਪ੍ਰਤੀਨਿਧਤਾ ਕਰਨ ਲਈ ਸਭ ਤੋਂ ਵੱਧ ਪਸੰਦ ਕਰਦੇ ਹੋ।



ਪਾਰਟੀ ਵੋਟਾਂ ਦਾ ਇਹ ਅਨੁਪਾਤ =
ਪਾਰਲੀਮੈਂਟ ਵਿੱਚ ਸੀਟਾਂ ਦਾ ਉਹੀ ਅਨੁਪਾਤ

## 4 ਆਪਣੇ ਵੋਟਿੰਗ ਪੇਪਰ ਨੂੰ ਪ੍ਰਦਾਨ ਕੀਤੇ ਬੈਲਟ ਬਾਕਸ ਵਿੱਚ ਪਾਓ

ਅਤੇ ਬੱਸ ਹੋ ਗਿਆ —
ਪੈ ਗਈ ਤੁਹਾਡੀ ਵੋਟ!




## ਕੀ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ?

ਜੇ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ, ਉਦਾਹਰਨ ਲਈ, ਬਿਮਾਰੀ, ਉਮਰ ਜਾਂ ਅਪੰਗਤਾ ਕਰਕੇ, ਤਾਂ ਤੁਸੀਂ ਵੋਟ ਪਾਉਣ ਵਿੱਚ ਮਦਦ ਲੈ ਸਕਦੇ ਹੋ। ਵਧੇਰੇ ਜਾਣਕਾਰੀ **vote.nz** 'ਤੇ ਜਾਕੇ ਲਵੋ ਜਾਂ ਫਿਰ ਆਪਣੇ ਵਿਕਲਪਾਂ ਬਾਰੇ ਗੱਲਬਾਤ ਕਰਨ ਲਈ **0800 36 76 56** 'ਤੇ ਕਾਲ ਕਰੋ।

ਜੇ ਤੁਸੀਂ ਕਿਸੇ ਕੇਅਰ ਹੋਮ ਵਿੱਚ ਹੋ, ਤਾਂ ਵੋਟ ਪਾਉਣ ਦੀਆਂ ਸੇਵਾਵਾਂ ਦਾ ਬੰਦੋਬਸਤ ਕਰਨ ਲਈ ਤੁਹਾਡਾ ਸਥਾਨਕ ਇਲੈਕਟੋਰੇਟ ਮੈਨੇਜਰ ਤੁਹਾਡੇ ਕੇਅਰ ਹੋਮ ਦੇ ਮੈਨੇਜਰ ਨਾਲ ਸੰਪਰਕ ਕਰੇਗਾ।

ਜੇ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਇਸ ਲਈ ਨਹੀਂ ਜਾ ਸਕਦੇ ਹੋ ਕਿਉਂਕਿ ਤੁਸੀਂ ਹਸਪਤਾਲ ਵਿੱਚ ਹੋ, ਤਾਂ ਸੋਮਵਾਰ 2 ਅਕਤੂਬਰ ਤੋਂ ਕੋਈ ਦੋਸਤ ਜਾਂ ਪਰਿਵਾਰਕ ਮੈਂਬਰ ਤੁਹਾਡੇ ਲਈ ਤੁਹਾਡੇ ਵੋਟਿੰਗ ਪੇਪਰ ਲਿਆ ਕੇ ਦੇ ਸਕਦਾ ਹੈ।

## ਵਿਦੇਸ਼ ਤੋਂ ਵੋਟ ਪਾਉਣਾ

ਜੇ ਤੁਸੀਂ ਵਿਦੇਸ਼ ਤੋਂ ਵੋਟ ਪਾ ਰਹੇ ਹੋ, ਤਾਂ ਸ਼ੁੱਕਰਵਾਰ 13 ਅਕਤੂਬਰ ਦੀ ਅੱਧੀ ਰਾਤ ਤੱਕ ਤੁਹਾਡਾ ਨਾਮ ਦਰਜ ਹੋ ਜਾਣਾ ਲਾਜ਼ਮੀ ਹੈ। ਤੁਸੀਂ **vote.nz** 'ਤੇ ਨਾਮ ਦਰਜ ਕਰਾ ਸਕਦੇ ਹੋ ਜਾਂ ਆਪਣੇ ਵੇਰਵੇ ਅੱਪਡੇਟ ਕਰ ਸਕਦੇ ਹੋ

ਤੁਸੀਂ ਵਿਦੇਸ਼ ਤੋਂ ਬੁੱਧਵਾਰ 27 ਸਤੰਬਰ ਤੋਂ ਲੈ ਕੇ ਸ਼ਨੀਵਾਰ 14 ਅਕਤੂਬਰ ਨੂੰ ਸ਼ਾਮ 7 ਵਜੇ ਤੱਕ (ਨਿਊਜ਼ੀਲੈਂਡ ਸਮੇਂ ਅਨੁਸਾਰ) ਵੋਟ ਪਾ ਸਕਦੇ ਹੋ।

ਵਿਦੇਸ਼ਾਂ ਤੋਂ ਵੋਟ ਪਾਉਣ ਦਾ ਸਭ ਤੋਂ ਸੌਖਾ ਅਤੇ ਸਭ ਤੋਂ ਤੇਜ਼ ਤਰੀਕਾ ਹੈ **vote.nz** ਤੋਂ ਆਪਣਾ ਵੋਟਿੰਗ ਪੇਪਰ ਡਾਊਨਲੋਡ ਕਰਨਾ ਅਤੇ ਭਰਨਾ ਅਤੇ ਫਿਰ ਇਸ ਨੂੰ ਅੱਪਲੋਡ ਕਰਨਾ

**ਵਿਦੇਸ਼ ਤੋਂ ਫ਼ੋਨ ਕਰੋ:** +64 9 909 4182
(ਅੰਤਰਰਾਸ਼ਟਰੀ ਕਾਲ ਦਰਾਂ ਲਾਗੂ ਹੋ ਸਕਦੀਆਂ ਹਨ)

**ਨਿਊਜ਼ੀਲੈਂਡ ਤੋਂ ਫ਼ੋਨ ਕਰੋ:** 0800 36 76 56

## ਕੀ ਆਪਣੇ ਵੋਟਿੰਗ ਪੇਪਰਾਂ ਨੂੰ ਪੜ੍ਹਨ ਜਾਂ ਇਹਨਾਂ 'ਤੇ ਨਿਸ਼ਾਨ ਲਾਉਣ ਵਿੱਚ ਮਦਦ ਦੀ ਲੋੜ ਹੈ?

ਕੋਈ ਦੋਸਤ, ਪਰਿਵਾਰਕ ਮੈਂਬਰ, ਜਾਂ ਚੋਣ ਅਧਿਕਾਰੀ ਤੁਹਾਡੇ ਵੋਟਿੰਗ ਪੇਪਰ ਨੂੰ ਪੜ੍ਹਨ ਜਾਂ ਇਸ 'ਤੇ ਨਿਸ਼ਾਨ ਲਾਉਣ ਵਿੱਚ ਮਦਦ ਕਰ ਸਕਦਾ ਹੈ। ਉਹ ਵਿਅਕਤੀ ਇਹ ਕੰਮ ਕਰ ਸਕਦਾ ਹੈ:

- ਤੁਹਾਡੇ ਨਾਲ ਵੋਟਿੰਗ ਸਕ੍ਰੀਨ ਦੇ ਪਿੱਛੇ ਜਾ ਸਕਦਾ ਹੈ
- ਵੋਟਿੰਗ ਪੇਪਰ 'ਤੇ ਲਿਖੇ ਸ਼ਬਦ ਅਤੇ ਜਾਣਕਾਰੀ ਪੜ੍ਹ ਸਕਦਾ ਹੈ
- ਵੋਟਿੰਗ ਪੇਪਰ 'ਤੇ ਨਿਸ਼ਾਨ ਲਗਾ ਸਕਦਾ ਹੈ ਜੇ ਤੁਸੀਂ ਉਹਨਾਂ ਨੂੰ ਅਜਿਹਾ ਕਰਨ ਲਈ ਕਹਿੰਦੇ ਹੋ।

ਉਹ ਤੁਹਾਨੂੰ ਇਹ ਨਹੀਂ ਦੱਸ ਸਕਦੇ ਕਿ ਆਮ ਚੋਣਾਂ ਵਿੱਚ ਤੁਹਾਨੂੰ ਕਿਸ ਨੂੰ ਵੋਟ ਪਾਉਣੀ ਚਾਹੀਦੀ ਹੈ।

ਜੇ ਤੁਹਾਡੀ ਨਜ਼ਰ ਚਲੀ ਗਈ ਹੈ, ਜਾਂ ਤੁਹਾਨੂੰ ਘੱਟ ਦਿਖਾਈ ਦਿੰਦਾ ਹੈ ਜਾਂ ਕੋਈ ਅਜਿਹੀ ਸਰੀਰਕ ਅਪੰਗਤਾ ਹੈ ਜਿਸਦਾ ਮਤਲਬ ਇਹ ਹੈ ਕਿ ਤੁਸੀਂ ਬਿਨਾਂ ਮਦਦ ਆਪਣੇ ਵੋਟਿੰਗ ਪੇਪਰ 'ਤੇ ਨਿਸ਼ਾਨ ਨਹੀਂ ਲਾ ਸਕਦੇ, ਤਾਂ ਤੁਸੀਂ ਟੈਲੀਫ਼ੋਨ ਡਿਕਟੇਸ਼ਨ ਸਰਵਿਸ ਦੀ ਵਰਤੋਂ ਕਰਕੇ ਵੋਟ ਪਾ ਸਕਦੇ ਹੋ।

ਇਸ ਸੇਵਾ ਦੀ ਵਰਤੋਂ ਕਰਨ ਲਈ ਤੁਹਾਨੂੰ ਨਾਮ ਰਜਿਸਟਰ ਕਰਾਉਣ ਦੀ ਲੋੜ ਹੈ।
**0800 028 028** 'ਤੇ ਕਾਲ ਕਰੋ ਅਤੇ ਨਾਮ ਰਜਿਸਟਰ ਕਰਾਉਣ ਲਈ ਵਿਕਲਪ 1 ਦੀ ਚੋਣ ਕਰੋ।

ਤੁਸੀਂ ਸੋਮਵਾਰ 11 ਸਤੰਬਰ ਤੋਂ ਲੈ ਕੇ ਸ਼ਨੀਵਾਰ 14 ਅਕਤੂਬਰ ਦੀ ਦੁਪਹਿਰ ਤੱਕ ਨਾਮ ਰਜਿਸਟਰ ਕਰਾ ਸਕਦੇ ਹੋ।

ਇਸ ਸੇਵਾ ਬਾਰੇ ਹੋਰ ਜਾਣਕਾਰੀ ਲੈਣ ਲਈ **vote.nz** 'ਤੇ ਜਾਓ।